ISSN:3139-4639

# ਦੁੱਖ ਦੀ ਸਾਂਝ (ਮਿੰਨੀ ਕਹਾਣੀ)

ਰਜਨੀ

ਲੈਕਚਰਾਰ (ਪੰਜਾਬੀ)

ਸਕੂਲ ਦੀ ਪੀਲੀ ਬੱਸ ਰੋਜ ਵਾਂਗ ਤੇਜ ਤੇਜ ਹੋਰਨ ਮਾਰਦੀ ਹੋਈ ਗਲੀ ਮੁਹੱਲਿਆਂ ਵਿੱਚੋਂ ਨਿਕਲਦੀ ਹੋਈ ਮੇਨ ਬਾਜ਼ਾਰ ਵਿੱਚੋਂ ਬਸ ਡਰਾਈਵਰ ਤੇਜ਼ ਰਫ਼ਤਾਰ ਨਾਲ ਬਜ਼ਾਰ ਦੀ ਚੋੜੀ ਗਲੀ ਵਿੱਚ ਅੱਜ ਫੇਰ ਉਸੇ ਥਾਂ ਤੇ ਮੋੜ ਮੁੜਨ ਲੱਗਦਾ ਹੈ ਜਿੱਥੇ ਜੱਸਾ ਰੋਜ਼ ਵਾਂਗ ਫੈਕਟਰੀ ਦੀ ਨਾਈਟ ਸ਼ਿਫਟ ਤੋਂ ਆਪਣੇ ਘਰ ਪਰਤ ਰਿਹਾ ਹੁੰਦਾ ਹੈ। ਅੱਜ ਫਿਰ ਜੱਸਾ ਰੋਜ਼ ਵਾਂਗ ਡਰਾਈਵਰ ਨੂੰ ਗੱਡੀ ਹੌਲੀ ਚਲਾਉਣ ਲਈ ਇਸ਼ਾਰਾ ਕਰਦਾ ਹੈ ਪਰ ਡਰਾਈਵਰ ਰੋਜ਼ ਵਾਂਗ ਉਸਦੀ ਗੱਲ ਨੂੰ ਸੁਣ ਕੇ ਵੀ ਅਣਸੁਣਿਆ ਜਿਹਾ ਕਰ ਦਿੰਦਾ ਹੈ ।ਪਰ ਅੱਜ ਤੇ ਡਰਾਈਵਰ ਬਹੁਤ ਗੁੱਸੇ ਵਿੱਚ ਸੀ ਤੇ ਰਾਤ ਦੀ ਡਿਊਟੀ ਹੋਣ ਕਰਕੇ ਉਹ ਆਪਣੇ ਘਰ ਜਾ ਸੌਂ ਜਾਂਦਾ ਹੈ ਅਤੇ ਦੁਪਹਿਰ ਨੂੰ ਉੱਠ ਕੇ ਮੇਨ ਬਾਜ਼ਾਰ ਆਪਣੇ ਮਿੱਤਰ ਪਾਲੀ ਕੋਲ ਜਾ ਆਉਂਦਾ ਅਤੇ ਫਿਰ ਘਰ ਦੀ ਜਰੂਰਤ ਦਾ ਸਮਾਨ ਲੈ ਕੇ ਘਰ ਪਰਤ ਲੈਂਦਾ ਇਹੀ ਉਸਦਾ ਰੋਜ਼ ਦਾ ਕੰਮ ਸੀ। ਪਰ ਅੱਜ ਜਦੋਂ ਉਹ ਦੁਪਹਿਰ ਨੂੰ ਪਾਲੀ ਕੋਲ ਗਿਆ ਤਾਂ ਪਾਲੀ ਨੇ ਉਸਨੂੰ ਦੱਸਿਆ ਕਿ ਅੱਜ ਤੇ ਮੇਰੇ ਮੁੰਡੇ ਦੀ ਸਕੂਲ ਬੱਸ ਸਕੂਲ ਤੋਂ ਪਹਿਲਾਂ ਆਉਣ ਵਾਲੀ ਨਹਿਰ ਦੇ ਮੋੜ ਤੇ ਮੋੜ ਮੁੜਦਿਆਂ ਝੁੱਲ ਖਾ ਕੇ ਪਲਟ ਗਈ ,ਜਿਸ ਵਿਚ ਕਰੀਬ 25 ਬੱਚੇ ਸਨ ਤੇ ਦੋ ਬੱਚੇ ਤੇ ਉਸ ਵਕਤ ਹੀ ਖਤਮ ਹੋ ਗਏ ਤੇ ਸੱਤ ਬੱਚੇ ਫੱਟੜ ਹੋ ਗਏ , ਸੁਣ ਕੇ ਜੱਸੇ ਨੂੰ ਸਵੇਰ ਵਾਲਾ ਸਮਾਂ ਯਾਦ ਆ ਗਿਆ। ਪਾਲੀ ਦੀ ਸੁਣ ਕੇ ਜੱਸਾ ਅੱਗੋ ਕਹਿੰਦਾ ਹੈ ਕਿ ਬਹੁਤ ਵਾਰ ਮੈਂ ਉਸ ਡਰਾਈਵਰ ਨੂੰ ਬਸ ਹੋਲੀ ਚਲਾਉਣ ਲਈ ਕਹਿੰਦਾ ਹਾਂ , ਪਰ ਅੱਗੋਂ ਉਹ ਆਪਣੀ ਗਲਤੀ ਤੇ ਨਾ ਮੰਨਦਾ ਸਗੋਂ ਉੱਡ ਕੇ ਪੈਂਦਾ ਸੀ। ਇਹ ਮਾੜੀ ਖਬਰ ਸੁਣ ਕੇ ਜੱਸਾ ਉਦਾਸ ਮੂੰਹ ਲੈ ਕੇ ਘਰ ਆ ਗਿਆ ।ਕਰੀਬ ਅੱਠ ਸਾਲ ਪਹਿਲਾਂ ਉਸਦਾ ਪੁੱਤ ਸ਼ੰਟੀ ਵੀ ਜਦ ਘਰ ਤੋਂ ਬਾਹਰ ਸਾਈਕਲ ਚਲਾ ਰਿਹਾ ਸੀ ਤਾਂ ਇੱਕ ਮੋਟਰਸਾਈਕਲ ਆਲੇ ਤੋਂ ਆਪਣੀ ਰਫ਼ਤਾਰ ਕਾਬੂ ਨਾ ਹੋ ਸਕੀ ਤੇ ਉਸ ਦਾ ਮੋਟਰਸਾਈਕਲ ਸ਼ੰਟੀ ਦੀ ਸਾਈਕਲ ਨਾਲ ਵੱਜਿਆ। ਸ਼ੰਟੀ ਇੱਕ ਪਾਸੇ ਡਿੱਗ ਗਿਆ ਤੇ ਸੜਕ ਦੇ ਵਿਚਕਾਰ ਬਣੇ ਸੀਵਰ ਦੇ ਢੱਕਣ ਤੇ ਉਸਦਾ ਸਿਰ ਵੱਜਣ ਕਰਕੇ ਉਸ ਦੇ ਸਿਰ ਤੋ ਲਹੂ ਵੱਗਣ ਲੱਗਾ, ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਸ਼ੰਟੀ ਦੇ ਦਮ ਤੋੜ ਦਿੱਤਾ।ਜੱਸਾ ਆਪਣੇ ਬੱਚੇ ਨੂੰ ਖਤਮ ਹੋਇਆ ਵੇਖ ਵੱਟੇ ਵਾਂਗ ਹੋ ਗਿਆ ਸੀ। ਉਹ ਹਸਨਾ ਤੇ ਭੁੱਲ ਹੀ ਗਿਆ ਸੀ , ਜੋ ਦੋ ਬੱਚੇ ਬੱਸ ਪਲਟਨ ਕਰਕੇ ਗੁਜਰ ਗਏ ਸੀ,ਉਹਨਾਂ ਵਿੱਚੋਂ ਇੱਕ ਉਸਦੇ ਘਰ ਦੇ ਨੇੜੇ ਹੀ ਰਹਿੰਦਾ ਸੀ। ਸ਼ਾਮ ਨੂੰ ਜੱਸਾ ਉਸਦੇ ਘਰ ਜਾਂਦਾ ਹੈ ।ਬੱਚੇ ਦੇ ਪਿਉ ਨੂੰ ਦਹਾੜੇ ਮਾਰ ਰੋਂਦਾ ਵੇਖ ਜੱਸੇ ਤੋਂ ਰਿਹਾ ਨਹੀਂ ਗਿਆ ਉਹ ਉਸਦੇ ਪਿਓ ਦੇ ਗਲ ਲਗ ਕੇ ਉੱਚੀ ਉੱਚੀ ਚੀਕਦਾ ਹੋਇਆ ਰੋਂਦਾ ਹੈ ਸ਼ਾਇਦ ਸ਼ੰਟੀ ਦਾ ਦਰਦ ਜੋ ਕਿ ਉਸਨੂੰ ਵੱਟਾ ਬਣਾ ਚੁੱਕਿਆ ਸੀ ਅੱਜ ਉਹ ਖੁੱਲ ਕੇ ਬਾਹਰ ਆਇਆ।ਥੋੜੀ ਦੇਰ ਬਾਅਦ ਜਦ ਜੱਸਾ ਰੋ ਕੇ ਚੁੱਪ ਹੁੰਦਾ ਹੈ ਤਾਂ ਉਹ ਗੁਜਰ ਚੁੱਕੇ ਬੱਚੇ ਦੇ ਪਿਓ ਨੂੰ ਦਿਲਾਸਾ ਦਿੰਦਾ ਹੈ ਤੇ ਉਸ ਦੀਆਂ ਅੱਖਾਂ ਵਿੱਚ ਵੇਖਦਾ ਹੈ ਜੱਸੇ ਨੂੰ ਉਸਦੀਆਂ ਅੱਖਾਂ ਵਿੱਚ ਇੱਕੋ ਵਰਗੇ ਦੁੱਖ ਦੀ ਸਾਂਝ ਸਾਫ ਨਜ਼ਰ ਆਉਂਦੀ ਹੈ।